## ਭਾਰਤ-ਸ਼੍ਰੀ ਲੰਕਾ ਸਾਂਝਾ ਬਿਆਨ: ਸਾਂਝੇ ਭਵਿੱਖ ਲਈ ਭਾਈਵਾਲੀ ਨੂੰ ਮਜ਼ਬੂਤ ਬਣਾਉਣਾ

16 ਦਸੰਬਰ, 2024

ਭਾਰਤ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਨਰਿੰਦਰ ਮੋਦੀ ਅਤੇ ਸ਼੍ਰੀ ਲੰਕਾ ਦੇ ਰਾਸ਼ਟਰਪਤੀ ਮਹਾਮਹਿਮ ਅਨੁਰਾ ਕੁਮਾਰਾ ਦਿਸਾਨਾਇਕੇ ਦੇ ਵਿਚਕਾਰ 16 ਦਸੰਬਰ 2024 ਨੂੰ ਨਵੀਂ ਦਿੱਲੀ ਵਿਖੇ ਹੋਈ ਬੈਠਕ ਵਿੱਚ ਵਿਆਪਕ ਅਤੇ ਲਾਭਦਾਇਕ ਵਿਚਾਰ ਵਟਾਂਦਰੇ ਹੋਏ, ਇਹ ਸ਼੍ਰੀ ਲੰਕਾ ਦੇ ਰਾਸ਼ਟਪਤੀ ਦੀ ਭਾਰਤ ਗਣਰਾਜ ਦੀ ਰਾਜਕੀ ਯਾਤਰਾ ਸੀ।

2. ਦੋਵਾਂ ਲੀਡਰਾਂ ਨੇ ਇਸ ਗੱਲ ਦੀ ਮੁੜ-ਪੁਸ਼ਟੀ ਕੀਤੀ ਕਿ ਭਾਰਤ-ਸ਼੍ਰੀ-ਲੰਕਾ ਦੀ ਦੁਵੱਲੀ ਭਾਈਵਾਲੀ ਦਾ ਆਧਾਰ ਦੋਵਾਂ ਵਿਚਕਾਰ ਦੇ ਡੂੰਘੀਆਂ ਜੜ੍ਹਾਂ ਵਾਲੇ ਸੱਭਿਆਚਾਰਕ ਅਤੇ ਸੱਭਿਅਤਾ ਦੇ ਸਬੰਧ, ਭੂਗੋਲਿਕ ਨੇੜਤਾ ਅਤੇ ਲੋਕਾਂ ਵਿਚਕਾਰ ਦੇ ਆਪਸੀ ਰਿਸ਼ਤੇ ਹਨ।

3. ਰਾਸ਼ਟਰਪਤੀ ਦਿਸਾਨਾਇਕੇ ਨੇ 2022 ਵਿੱਚ ਅਭੂਤਪੂਰਵ ਆਰਥਿਕ ਸੰਕਟ ਦੌਰਾਨ ਅਤੇ ਬਾਅਦ ਵਿੱਚ ਸ਼੍ਰੀਲੰਕਾ ਦੇ ਲੋਕਾਂ ਨੂੰ ਭਾਰਤ ਦੁਆਰਾ ਦਿੱਤੇ ਗਏ ਦ੍ਰਿੜ੍ਹ ਸਮਰਥਨ ਲਈ ਆਪਣੀ ਗਹਿਰੀ ਪ੍ਰਸ਼ੰਸਾ ਜਤਾਈ। ਖੁਸ਼ਹਾਲ ਭਵਿੱਖ, ਵੱਡੇ ਮੌਕਿਆਂ ਅਤੇ ਸਥਾਈ ਆਰਥਿਕ ਵਿਕਾਸ ਦੀ ਸ਼੍ਰੀਲੰਕਾ ਦੇ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਆਪਣੀ ਗਹਿਰੀ ਵਚਨਬੱਧਤਾ ਨੂੰ ਯਾਦ ਕਰਦੇ ਹੋਏ, ਉਹਨਾਂ ਨੇ ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਭਾਰਤ ਦੇ ਲਗਾਤਾਰ ਸਮਰਥਨ ਦੀ ਉਮੀਦ ਪ੍ਰਗਟਾਈ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੀ 'ਆਂਢ-ਗੁਆਂਢ ਪਹਿਲਾਂ'ਨੀਤੀ ਅਤੇ 'ਸਾਗਰ' (SAGAR) ਵਿਜ਼ਨ ਵਿੱਚ ਸ਼੍ਰੀਲੰਕਾ ਦੇ ਵਿਸ਼ੇਸ਼ ਸਥਾਨ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਸਬੰਧ ਵਿੱਚ ਰਾਸ਼ਟਰਪਤੀ ਦਿਸਾਨਾਇਕੇ ਨੂੰ ਭਾਰਤ ਦੀ ਪੂਰੀ ਵਚਨਬੱਧਤਾ ਦਾ ਭਰੋਸਾ ਦਿੱਤਾ।

4. ਦੋਹਾਂ ਲੀਡਰਾਂ ਨੇ ਮੰਨਿਆ ਕਿ ਪਿਛਲੇ ਸਾਲਾਂ ਦੌਰਾਨ ਇਹ ਦੁਵੱਲੇ ਸਬੰਧ ਗਹਿਰੇ ਹੋਏ ਹਨ ਅਤੇ ਇਹਨਾਂ ਨੇ ਸ਼੍ਰੀਲੰਕਾ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਹੋਰ ਅੱਗੇ ਸਹਿਯੋਗ ਦੀਆਂ ਸੰਭਾਵਨਾਵਾਂ ਉੱਤੇ ਜ਼ੋਰ ਦਿੰਦੇ ਹੋਏ, ਦੋਵਾਂ ਲੀਡਰਾਂ ਨੇ ਭਾਰਤ ਅਤੇ ਸ਼੍ਰੀਲੰਕਾ ਦਰਮਿਆਨ ਸਬੰਧਾਂ ਨੂੰ ਦੋਵਾਂ ਦੇਸ਼ਾਂ ਦੇ ਲੋਕਾਂ ਦੀ ਭਲਾਈ ਲਈ ਇੱਕ ਆਪਸੀ ਲਾਭਕਾਰੀ ਵਿਆਪਕ ਸਾਂਝੇਦਾਰੀ ਵਿੱਚ ਬਦਲਣ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

### ਰਾਜਨੀਤਿਕ ਵਿਚਾਰ-ਵਟਾਂਦਰੇ

5. ਪਿਛਲੇ ਦਹਾਕੇ ਦੌਰਾਨ ਰਾਜੀਨਿਤਕ ਗੱਲਬਾਤਾਂ ਵਿੱਚ ਹੋਏ ਵਾਧੇ ਅਤੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਸਵੀਕਾਰਦੇ ਹੋਏ, ਦੋਵੇਂ ਲੀਡਰ ਲੀਡਰਸ਼ਿਪ ਅਤੇ ਮੰਤਰੀ ਪੱਧਰ 'ਤੇ ਰਾਜੀਨਿਤਕ ਰੁਝੇਵਿਆਂ ਨੂੰ ਹੋਰ ਤੀਬਰਤਾ ਨਾਲ ਵਧਾਉਣ ਲਈ ਸਹਿਮਤ ਹੋਏ।

6. ਦੋਹਾਂ ਲੀਡਰਾਂ ਨੇ ਲੋਕਤੰਤਰੀ ਮਾਨਤਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਆਪਣੇ ਸੰਸਥਾਗਤ ਸਰਵੋਤਮ ਅਭਿਆਸਾਂ 'ਤੇ ਪਰਬੀਨਤਾ ਨੂੰ ਸਾਂਝਾ ਕਰਨ ਲਈ ਨਿਯਮਿਤ ਸੰਸਦੀ ਪੱਧਰ ਦੀ ਗੱਲਬਾਤਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

**ਵਿਕਾਸ ਸਹਿਯੋਗ**

7. ਦੋਵੇਂ ਲੀਡਰਾਂ ਨੇ ਸ੍ਰੀਲੰਕਾ ਲਈ ਭਾਰਤ ਦੀ ਵਿਕਾਸ ਸਹਾਇਤਾ ਦੀ ਸਕਾਰਾਤਮਕ ਅਤੇ ਪ੍ਰਭਾਵਸ਼ਾਲੀ ਭੂਮਿਕਾ ਨੂੰ ਸਵੀਕਾਰਿਆ ਜਿਸ ਨੇ ਇਸ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਰਾਸ਼ਟਰਪਤੀ ਦਿਸਾਨਾਇਕੇ ਨੇ ਕਰਜ਼ੇ ਦੇ ਪੁਨਰਗਠਨ ਦੇ ਬਾਵਜੂਦ ਪ੍ਰੋਜੈਕਟ 'ਤੇ ਅਮਲ ਕਰਨ ਲਈ ਭਾਰਤ ਦੇ ਨਿਰੰਤਰ ਸਮਰਥਨ ਦੀ ਸ਼ਲਾਘਾ ਕੀਤੀ। ਉਹਨਾਂ ਨੇ ਅੱਗੇ ਮੰਨਿਆ ਕਿ ਭਾਰਤ ਨੇ ਉਹਨਾਂ ਪ੍ਰੋਜੈਕਟ ਲਈ ਗ੍ਰਾਂਟ ਸਹਾਇਤਾ ਵਧਾਉਣ ਦਾ ਫੈਸਲਾ ਕੀਤਾ ਜੋ ਅਸਲ ਵਿੱਚ ਕ੍ਰੈਡਿਟ ਲਾਈਨ ਰਾਹੀਂ ਸ਼ੁਰੂ ਕੀਤੇ ਗਏ ਸਨ, ਜਿਸ ਕਰਕੇ ਸ੍ਰੀਲੰਕਾ 'ਤੇ ਕਰਜ਼ੇ ਦਾ ਬੋਝ ਘੱਟ ਜਾਵੇਗਾ।

8. ਲੋਕ-ਮੁਖੀ ਵਿਕਾਸ ਭਾਈਵਾਲੀ ਨੂੰ ਹੋਰ ਗਹਿਰਾ ਕਰਨ ਲਈ ਨਜ਼ਦੀਕੀ ਨਾਲ ਮਿਲ ਕੇ ਕੰਮ ਕਰਨ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਦੋਵੇਂ ਲੀਡਰ ਹੇਠਾਂ ਦਿੱਤੀ ਗੱਲਾਂ ਲਈ ਸਹਿਮਤ ਹੋਏ:

i. ਭਾਰਤੀ ਹਾਊਸਿੰਗ ਪ੍ਰੋਜੈਕਟ ਦੇ ਪੜਾਅ III ਅਤੇ IV, 3 (ਤਿੰਨ) ਟਾਪੂ ਹਾਈਬ੍ਰਿਡ ਨਵਿਆਉਣਯੋਗ ਊਰਜਾ ਪ੍ਰੋਜੈਕਟ ਅਤੇ ਪੂਰੇ ਸ੍ਰੀਲੰਕਾ ਵਿੱਚ ਉੱਚ ਪ੍ਰਭਾਵ ਵਾਲੇ ਭਾਈਚਾਰਾ ਵਿਕਾਸ ਪ੍ਰੋਜੈਕਟ ਵਰਗੇ, ਜਾਰੀ ਪ੍ਰੋਜੈਕਟ ਨੂੰ ਸਮੇਂ ਸਿਰ ਪੂਰਾ ਕਰਨ ਲਈ ਇਕੱਠੇ ਕੰਮ ਕਰਨਾ;

ii. ਭਾਰਤੀ ਮੂਲ ਦੇ ਤਮਿਲ ਭਾਈਚਾਰੇ, ਪੂਰਬੀ ਪ੍ਰਾਂਤ ਅਤੇ ਸ੍ਰੀਲੰਕਾ ਵਿੱਚ ਧਾਰਮਿਕ ਸਥਾਨਾਂ ਦੇ ਸੂਰਜੀ ਬਿਜਲੀਕਰਨ ਵਾਲੇ ਪ੍ਰੋਜੈਕਟ ਉੱਤੇ ਸਮੇਂ ਸਿਰ ਅਮਲ ਕਰਨ ਲਈ ਪੂਰਾ ਸਮਰਥਨ ਪ੍ਰਦਾਨ ਕਰਨਾ;

iii. ਸ੍ਰੀਲੰਕਾ ਦੀ ਸਰਕਾਰ ਦੀਆਂ ਲੋੜਾਂ ਅਤੇ ਤਰਜੀਹਾਂ ਦੇ ਅਨੁਸਾਰ, ਵਿਕਾਸ ਸਾਂਝੇਦਾਰੀ ਲਈ ਨਵੇਂ ਪ੍ਰੋਜੈਕਟ ਅਤੇ ਸਹਿਯੋਗ ਦੇ ਖੇਤਰਾਂ ਦੀ ਪਛਾਣ ਕਰਨਾ।

**ਸਿਖਲਾਈ ਅਤੇ ਸਮਰੱਥਾ ਨਿਰਮਾਣ**

9. ਸ੍ਰੀ ਲੰਕਾ ਵਿੱਚ ਸਮਰੱਥਾ ਨਿਰਮਾਣ ਸਹਾਇਤਾ ਪ੍ਰਦਾਨ ਕਰਨ ਵਿੱਚ ਭਾਰਤ ਦੀ ਭੂਮਿਕਾ ਨੂੰ ਰੇਖਾਂਕਿਤ ਕਰਦੇ ਹੋਏ ਅਤੇ ਸ੍ਰੀਲੰਕਾ ਵਿੱਚ ਵੱਖੋ-ਵੱਖਰੇ ਖੇਤਰਾਂ ਵਿੱਚ ਕਸਟਮਾਈਜ਼ ਕੀਤੀ ਸਿਖਲਾਈ ਅਤੇ ਸਮਰੱਥਾ ਨਿਰਮਾਣ ਦੀ ਲੋੜ ਉੱਤੇ ਧਿਆਨ ਦਿੰਦੇ ਹੋਏ, ਦੋਵੇਂ ਲੀਡਰ:

i. ਭਾਰਤ ਵਿੱਚ ਰਾਸ਼ਟਰੀ ਸੁਸ਼ਾਸਨ ਕੇਂਦਰ ਦੁਆਰਾ ਪੰਜ ਸਾਲਾਂ ਦੀ ਅਵਧੀ ਵਿੱਚ ਵੱਖੋ-ਵੱਖਰੇ ਮੰਤਰਾਲਿਆਂ ਅਤੇ ਵਿਭਾਗਾਂ ਦੇ 1500 ਸ੍ਰੀਲੰਕਾਈ ਸਿਵਲ ਸੇਵਕਾਂ ਲਈ ਫ਼ੋਕਸਡ ਸਿਖਲਾਈ ਦੇਣ ਲਈ ਸਹਿਮਤ ਹੋਏ; ਅਤੇ

ii. ਸ੍ਰੀਲੰਕਾ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਹੋਰ ਖੇਤਰਾਂ ਦੇ ਨਾਲ-ਨਾਲ ਸਿਵਲ, ਰੱਖਿਆ ਅਤੇ ਕਾਨੂੰਨੀ ਖੇਤਰਾਂ ਵਿੱਚ ਸ੍ਰੀਲੰਕਾ ਦੇ ਅਧਿਕਾਰੀਆਂ ਲਈ ਹੋਰ ਸਿਖਲਾਈ ਪ੍ਰੋਗਰਾਮਾਂ ਨੂੰ ਐਕਸਪਲੋਰ ਕਰਨ ਲਈ ਵਚਨਬੱਧ ਹੋਏ।

**ਕਰਜ਼ੇ ਦਾ ਪੁਨਰਗਠਨ**

10. ਰਾਸ਼ਟਰੀ ਦਿਸਾਨਾਇਕੇ ਨੇ USD $4 ਅਰਬ ਦੇ ਸੰਕਟਕਾਲੀਨ ਵਿੱਤ ਅਤੇ ਵਿਦੇਸ਼ੀ ਮੁਦਰਾ ਸਹਾਇਤਾ ਸਮੇਤ ਅਸਧਾਰਨ ਅਤੇ ਬਹੁ-ਆਯਾਮੀ ਸਹਾਇਤਾ ਰਾਹੀਂ ਸ਼੍ਰੀਲੰਕਾ ਦੀ ਅਰਥ-ਵਿਵਸਥਾ ਨੂੰ ਸਥਿਰ ਕਰਨ ਵਿੱਚ ਭਾਰਤ ਦੇ ਸਹਿਯੋਗ ਲਈ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ। ਉਹਨਾਂ ਨੇ ਸ੍ਰੀ ਲੰਕਾ ਦੇ ਕਰਜ਼ੇ ਦੇ ਪੁਨਰਗਠਨ ਦੀ ਪ੍ਰਕਿਰਿਆ ਵਿੱਚ ਭਾਰਤ ਵਲੋਂ ਮਹੱਤਵਪੂਰਨ ਸਹਾਇਤਾ ਮਿਲਣ ਨੂੰ ਸਵੀਕਾਰਿਆ, ਜਿਸ ਵਿੱਚ ਔਫਿਸ਼ਿਅਲ ਕ੍ਰੈਡਿਟਸ ਕਮੇਟੀ (OCC) ਦੇ ਸਹਿ-ਪ੍ਰਧਾਨ ਦੇ ਤੌਰ ‘ਤੇ, ਸਮੇਂ ਸਿਰ ਕਰਜ਼ੇ ਦੇ ਪੁਨਰਗਠਨ ਦੀ ਚਰਚਾਵਾਂ ਨੂੰ ਅੰਤਿਮ ਰੂਪ ਦੇਣ ਲਈ ਸਹਾਇਕ ਹੋਣਾ ਸ਼ਾਮਲ ਹੈ। ਉਨ੍ਹਾਂ ਨੇ ਮੌਜੂਦਾ ਕ੍ਰੈਡਿਟ ਲਾਈਨ ਦੇ ਤਹਿਤ ਪੂਰੇ ਕੀਤੇ ਗਏ ਪ੍ਰੋਜੈਕਟ ਲਈ ਸ੍ਰੀਲੰਕਾ ਵੱਲ ਬਕਾਇਆ ਭੁਗਤਾਨ ਨੂੰ ਸੈਟਲ ਕਰਨ ਲਈ USD 20.66 ਮਿਲੀਅਨ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਭਾਰਤ ਸਰਕਾਰ ਦਾ ਧੰਨਵਾਦ ਕੀਤਾ, ਜਿਸ ਨਾਲ ਇੱਕ ਨਾਜ਼ੁਕ ਸਮੇਂ ਵਿੱਚ ਕਰਜ਼ੇ ਦਾ ਬੋਝ ਕਾਫ਼ੀ ਘੱਟ ਗਿਆ ਸੀ। ਸ੍ਰੀਲੰਕਾ ਦੇ ਨਾਲ ਨੇੜਲੇ ਅਤੇ ਖਾਸ ਸਬੰਧਾਂ ‘ਤੇ ਜ਼ੋਰ ਦਿੰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਲੋੜ ਦੇ ਸਮੇਂ ਵਿੱਚ ਦੇਸ਼ ਨੂੰ ਭਾਰਤ ਦੇ ਲਗਾਤਾਰ ਸਮਰਥਨ ਅਤੇ ਆਰਥਿਕ ਸੁਧਾਰ ਅਤੇ ਸਥਿਰਤਾ ਅਤੇ ਇਸ ਦੇ ਲੋਕਾਂ ਦੀ ਖੁਸ਼ਹਾਲੀ ਲਈ ਇਸ ਦੇ ਯਤਨਾਂ ਨੂੰ ਦੁਹਰਾਇਆ। ਲੀਡਰਾਂ ਨੇ ਅਧਿਕਾਰੀਆਂ ਨੂੰ ਕਰਜ਼ੇ ਦੇ ਪੁਨਰਗਠਨ 'ਤੇ ਦੁਵੱਲੇ ਸਮਝੌਤਾ ਪੱਤਰ (MoU) 'ਤੇ ਚਰਚਾ ਨੂੰ ਅੰਤਿਮ ਰੂਪ ਦੇਣ ਦੇ ਨਿਰਦੇਸ਼ ਦਿੱਤੇ।

11. ਦੋਵਾਂ ਲੀਡਰਾਂ ਨੇ ਇਸ ਗੱਲ 'ਤੇ ਸਹਿਮਤੀ ਜਤਾਈ ਕਿ ਵਿਭਿੰਨ ਖੇਤਰਾਂ ਵਿੱਚ ਕਰਜ਼-ਸੰਚਾਲਿਤ ਮਾਡਲਾਂ ਤੋਂ ਨਿਵੇਸ਼-ਅਗਵਾਈ ਵਾਲੀ ਭਾਈਵਾਲੀ ਵੱਲ ਇੱਕ ਰਣਨੀਤਕ ਬਦਲਾਵ ਸ੍ਰੀਲੰਕਾ ਵਿੱਚ ਆਰਥਿਕ ਸੁਧਾਰ, ਵਿਕਾਸ ਅਤੇ ਖੁਸ਼ਹਾਲੀ ਲਈ ਵਧੇਰੇ ਟਿਕਾਊ ਮਾਰਗ ਨੂੰ ਯਕੀਨੀ ਬਣਾਵੇਗਾ।

**ਕਨੈਕਟੀਵਿਟੀ ਨਿਰਮਾਣ**

12. ਲੀਡਰਾਂ ਨੇ ਬਿਹਤਰ ਕਨੈਕਟੀਵਿਟੀ ਦੇ ਮਹੱਤਵ ਨੂੰ ਰੇਖਾਂਕਿਤ ਕੀਤਾ ਅਤੇ ਦੋਵਾਂ ਅਰਥ-ਵਿਵਸਥਾਵਾਂ ਦੇ ਇੱਕ ਦੂਜੇ ਦੇ ਪੂਰਕ ਹੋਣ ਨੂੰ ਸਵੀਕਾਰਿਆ, ਜਿਸਦਾ ਦੋਵਾਂ ਦੇਸ਼ਾਂ ਦੇ ਆਰਥਿਕ ਵਿਕਾਸ ਅਤੇ ਉਨੱਤੀ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਵਿਸ਼ੇ ਵਿੱਚ:

i. ਨਾਗਪੱਟੀਨਮ ਅਤੇ ਕਾਂਕੇਸੰਥੁਰਾਈ ਵਿਚਕਾਰ ਯਾਤਰੀ ਬੇੜੀ ਸੇਵਾ ਦੇ ਦੁਬਾਰਾ ਸ਼ੁਰੂ ਹੋਣ 'ਤੇ ਤਸੱਲੀ ਜਤਾਉਂਦੇ ਹੋਏ, ਉਹ ਸਹਿਮਤ ਹੋਏ ਕਿ ਅਧਿਕਾਰੀਆਂ ਨੂੰ ਰਾਮੇਸ਼ਵਰਮ ਅਤੇ ਤਲਾਇਮੰਨਾਰ ਵਿਚਕਾਰ ਯਾਤਰੀ ਬੇੜੀ ਸੇਵਾ ਨੂੰ ਜਲਦੀ ਦੁਬਾਰਾ ਸ਼ੁਰੂ ਕਰਨ ਲਈ ਕੰਮ ਕਰਨਾ ਚਾਹੀਦਾ ਹੈ।

ii. ਸ੍ਰੀਲੰਕਾ ਵਿੱਚ ਕਾਂਕੇਸੰਥੁਰਾਈ ਬੰਦਰਗਾਹ ਦੇ ਪੁਨਰਵਾਸ 'ਤੇ ਸਾਂਝੇ ਤੌਰ 'ਤੇ ਕੰਮ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਜਾਵੇ, ਜੋ ਭਾਰਤ ਸਰਕਾਰ ਵਲੋਂ ਪ੍ਰਾਪਤ ਗ੍ਰਾਂਟ ਸਹਾਇਤਾ ਨਾਲ ਲਾਗੂ ਕੀਤਾ ਜਾਵੇਗਾ।

**ਊਰਜਾ ਵਿਕਾਸ**

13. ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਭਰੋਸੇਮੰਦ, ਕਿਫਾਇਤੀ ਅਤੇ ਸਮੇਂ ਸਿਰ ਊਰਜਾ ਸਰੋਤਾਂ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਦੋਵਾਂ ਲੀਡਰਾਂ ਨੇ ਊਰਜਾ ਖੇਤਰ ਵਿੱਚ ਅਤੇ ਭਾਰਤ ਅਤੇ ਸ਼੍ਰੀਲੰਕਾ ਦਰਮਿਆਨ ਚੱਲ ਰਹੇ ਊਰਜਾ ਸਹਿਯੋਗ ਪ੍ਰੋਜੈਕਟ ਦੇ ਸਮੇਂ ਸਿਰ ਅਮਲ ਕਰਨ ਦੀ ਸਹੂਲਤ ਲਈ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ। ਇਸ ਸਬੰਧ ਵਿੱਚ ਲੀਡਰ ਹੇਠਲੀਆਂ ਗੱਲਾਂ ‘ਤੇ ਸਹਿਮਤ ਹੋਏ:

i. ਸਾਮਪੁਰ ਵਿੱਚ ਸੂਰਜੀ ਊਰਜਾ ਪ੍ਰੋਜੈਕਟ ਨੂੰ ਅਮਲ ਵਿੱਚ ਲਿਆਉਣ ਵੱਲ ਕਦਮ ਚੁੱਕਣੇ ਅਤੇ ਸ਼੍ਰੀਲੰਕਾ ਦੀਆਂ ਲੋੜਾਂ ਅਨੁਸਾਰ ਇਸਦੀ ਸਮਰੱਥਾ ਨੂੰ ਹੋਰ ਵਧਾਉਣਾ।

ii. ਕਈ ਅਜਿਹੇ ਪ੍ਰਸਤਾਵਾਂ 'ਤੇ ਵਿਚਾਰ ਕਰਨਾ ਜਾਰੀ ਰੱਖਣਾ, ਜੋ ਚਰਚਾ ਦੇ ਅਲਗ-ਅਲਗ ਪੜਾਵਾਂ ਵਿੱਚ ਹਨ, ਜਿਹਨਾਂ ਵਿੱਚ ਸ਼ਾਮਲ ਹੈ:

(a) ਭਾਰਤ ਤੋਂ ਸ਼੍ਰੀਲੰਕਾ ਨੂੰ LNG ਦੀ ਸਪਲਾਈ।

(b) ਭਾਰਤ ਅਤੇ ਸ਼੍ਰੀਲੰਕਾ ਵਿਚਕਾਰ ਉੱਚ-ਸਮਰੱਥਾ ਵਾਲੇ ਪਾਵਰ ਗਰਿੱਡ ਇੰਟਰਕਨੈਕਸ਼ਨ ਦੀ ਸਥਾਪਨਾ।

(c) ਕਿਫਾਇਤੀ ਅਤੇ ਭਰੋਸੇਮੰਦ ਊਰਜਾ ਦੀ ਸਪਲਾਈ ਲਈ ਭਾਰਤ ਤੋਂ ਸ਼੍ਰੀਲੰਕਾ ਤੱਕ ਬਹੁ-ਉਤਪਾਦ ਦੀ ਪਾਈਪਲਾਈਨ ਨੂੰ ਅਮਲ ਵਿੱਚ ਲਿਆਉਣ ਲਈ ਭਾਰਤ, ਸ਼੍ਰੀਲੰਕਾ ਅਤੇ UAE ਵਿਚਕਾਰ ਸਹਿਯੋਗ।

(d) ਜੀਵ-ਜੰਤੂ ਅਤੇ ਬਨਸਪਤੀ ਸਮੇਤ ਵਾਤਾਵਰਣ ਸੁਰੱਖਿਆ ਨੂੰ ਤਰਜੀਹ ਦਿੰਦੇ ਹੋਏ, ਪਾਕ ਜਲਡਮਰੂਮਧ ਵਿੱਚ ਸਮੁੰਦਰ ਕਿਨਾਰੇ ਤੋਂ ਥੋੜ੍ਹਾ ਦੂਰ ਪੌਣ ਬਿਜਲੀ ਸਮਰੱਥਾ ਦਾ ਸੰਯੁਕਤ ਵਿਕਾਸ।

14. ਤ੍ਰਿੰਕੋਮਲੀ ਟੈਂਕ ਫਾਰਮਾਂ ਦੇ ਵਿਕਾਸ ਵਿੱਚ ਜਾਰੀ ਸਹਿਯੋਗ ਨੂੰ ਮੰਨਦੇ ਹੋਏ, ਦੋਵਾਂ ਲੀਡਰਾਂ ਨੇ ਤ੍ਰਿੰਕੋਮਲੀ ਨੂੰ ਇੱਕ ਖੇਤਰੀ ਊਰਜਾ ਅਤੇ ਉਦਯੋਗਿਕ ਹੱਬ ਵਜੋਂ ਵਿਕਸਿਤ ਕਰਨ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ।

**ਲੋਕ-ਕੇਂਦਰਿਤ ਡਿਜਿਟਾਈਜੇਸ਼ਨ**

15. ਪ੍ਰਸ਼ਾਸਨ ਵਿੱਚ ਸੁਧਾਰ, ਸੇਵਾ ਪ੍ਰਦਾਨ ਕਰਨ ਵਿੱਚ ਪਰਿਵਰਤਨਕਾਰੀ, ਪਾਰਦਰਸ਼ਤਾ ਲਿਆਉਣ ਅਤੇ ਸਮਾਜਿਕ ਭਲਾਈ ਵਿੱਚ ਯੋਗਦਾਨ ਪਾਉਣ ਵਿੱਚ ਮਦਦ ਕਰਨ ਵਾਲੇ ਲੋਕ-ਕੇਂਦਰਿਤ ਡਿਜਿਟਾਈਜ਼ੇਸ਼ਨ ਵਿੱਚ ਭਾਰਤ ਦੇ ਸਫਲ ਤਜ਼ਰਬੇ ਨੂੰ ਸਵੀਕਾਰਦੇ ਹੋਏ, ਜਿਸ ਨੇ ਕੀਤੀ ਹੈ, ਰਾਸ਼ਟਰਪਤੀ ਦਿਸਾਨਾਇਕੇ ਨੇ ਭਾਰਤੀ ਸਹਾਇਤਾ ਨਾਲ ਸ੍ਰੀਲੰਕਾ ਵਿੱਚ ਉਸੇ ਤਰ੍ਹਾਂ ਦੇ ਸਿਸਟਮ ਦੀ ਸਥਾਪਨਾ ਦੀ ਪੜਚੋਲ ਕਰਨ ਵਿੱਚ ਆਪਣੀ ਸਰਕਾਰ ਦੀ ਦਿਲਚਸਪੀ

ਜ਼ਾਹਰ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸਬੰਧ ਵਿੱਚ ਸ਼੍ਰੀਲੰਕਾ ਦੇ ਯਤਨਾਂ ਦਾ ਪੂਰਾ ਸਮਰਥਨ ਕਰਨ ਲਈ ਭਾਰਤ ਦੀ ਤਤਪਰਤਾ ਜ਼ਾਹਰ ਕੀਤੀ। ਇਸ ਸੰਦਰਭ ਵਿੱਚ, ਦੋਵੇਂ ਲੀਡਰ ਹੇਠਲੀਆਂ ਗੱਲਾਂ 'ਤੇ ਸਹਿਮਤ ਹੋਏ:

i. ਜਨਤਾ ਤੱਕ ਸਰਕਾਰੀ ਸੇਵਾਵਾਂ ਪਹੁੰਚਾਉਣ ਵਿੱਚ ਸੁਧਾਰ ਕਰਨ ਦੇ ਦੇਸ਼ ਦੇ ਯਤਨਾਂ ਵਿੱਚ ਸਹਾਇਤਾ ਕਰਨ ਲਈ, ਸ਼੍ਰੀਲੰਕਾ ਯੂਨੀਕ ਡਿਜਿਟਲ ਆਈਡੈਂਟਿਟੀ (SLUDI) ਪ੍ਰੋਜੈਕਟ ਨੂੰ ਲਾਗੂ ਕਰਨ ਵਿੱਚ ਤੇਜ਼ੀ ਲਿਆਉਣਾ;

ii. ਭਾਰਤ ਦੀ ਸਹਾਇਤਾ ਨਾਲ ਸ਼੍ਰੀਲੰਕਾ ਵਿੱਚ ਡਿਜੀਟਲ ਪਬਲਿਕ ਇਨਫਰਾਸਟ੍ਰਕਚਰ (DPI) ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕਰਨ ਦੇ ਤਰੀਕਿਆਂ 'ਤੇ ਸਹਿਯੋਗ ਕਰਨਾ।

iii. ਸ਼੍ਰੀਲੰਕਾ ਵਿੱਚ ਡਿਜੀਲੌਕਰ ਦੇ ਅਮਲੀਕਰਨ 'ਤੇ ਜਾਰੀ ਤਕਨੀਕੀ ਵਿਚਾਰ-ਵਟਾਂਦਰੇ ਨੂੰ ਅੱਗੇ ਵਧਾਉਣ ਸਮੇਤ, ਭਾਰਤ ਦੇ ਤਜ਼ਰਬੇ ਅਤੇ ਪਹਿਲਾਂ ਤੋਂ ਸਥਾਪਿਤ ਪ੍ਰਣਾਲੀਆਂ ਦੇ ਆਧਾਰ 'ਤੇ ਸ਼੍ਰੀਲੰਕਾ ਵਿੱਚ ਇੱਕ DPI ਸਟੈਕ ਦੇ ਅਮਲੀਕਰਨ ਦੀ ਪੜਚੋਲ ਕਰਨ ਲਈ ਇੱਕ ਸੰਯੁਕਤ ਕਾਰਜ ਸਮੂਹ ਦੀ ਸਥਾਪਨਾ ਕਰਨਾ।

iv. ਦੋਵਾਂ ਦੇਸ਼ਾਂ ਦੇ ਲਾਭ ਲਈ ਅਤੇ ਦੋਵਾਂ ਦੇਸ਼ਾਂ ਵਿੱਚ ਭੁਗਤਾਨ ਪ੍ਰਣਾਲੀਆਂ ਨਾਲ ਸੰਬੰਧਿਤ ਰੈਗੂਲੇਟਰੀ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ UPI ਡਿਜਿਟਲ ਭੁਗਤਾਨਾਂ ਦੀ ਵਰਤੋਂ ਨੂੰ ਵਧਾ ਕੇ ਡਿਜਿਟਲ ਵਿੱਤੀ ਲੈਣਦੇਣਾਂ ਨੂੰ ਉਤਸ਼ਾਹਿਤ ਕਰਨਾ।

v. ਸ਼੍ਰੀਲੰਕਾ ਵਿੱਚ ਉਸੇ ਤਰ੍ਹਾਂ ਦੀਆਂ ਪ੍ਰਣਾਲੀਆਂ ਦੀ ਸਥਾਪਨਾ ਦੇ ਲਾਭਾਂ ਦੀ ਪੜਚੋਲ ਕਰਨ ਦੇ ਨਜ਼ਰੀਏ ਤੋਂ, ਭਾਰਤ ਦੇ ਆਧਾਰ ਪਲੇਟਫਾਰਮ, GeM ਪੋਰਟਲ, PM ਗਤੀ ਸ਼ਕਤੀ ਡਿਜਿਟਲ ਪਲੇਟਫਾਰਮ, ਡਿਜਿਟਾਈਜ਼ਡ ਕਸਟਮ ਅਤੇ ਹੋਰ ਟੈਕਸ ਪ੍ਰਕਿਰਿਆਵਾਂ ਤੋਂ ਸਿੱਖਿਆਵਾਂ ਜੁਟਾਉਣ ਲਈ, ਦੁਵੱਲੇ ਆਦਾਨ-ਪ੍ਰਦਾਨ ਨੂੰ ਜਾਰੀ ਰੱਖਣਾ।

**ਸਿੱਖਿਆ ਅਤੇ ਤਕਨਾਲੋਜੀ**

16. ਸ਼੍ਰੀਲੰਕਾ ਵਿੱਚ ਮਾਨਵ-ਸੰਸਾਧਨ ਵਿਕਾਸ ਦੇ ਸਮਰਥਨ ਅਤੇ ਨਵੀਨਤਾ ਅਤੇ ਤਕਨਾਲੋਜੀ ਨੂੰ ਉਤਸ਼ਾਹਿਤ ਕਰਨ ਦੇ ਨਜ਼ਰੀਏ ਨਾਲ, ਦੋਵੇਂ ਲੀਡਰ ਹੇਠਲੀਆਂ ਗੱਲਾਂ 'ਤੇ ਸਹਿਮਤ ਹੋਏ:

i. ਖੇਤੀਬਾੜੀ, ਜਲ ਖੇਤੀ, ਡਿਜਿਟਲ ਅਰਥਵਿਵਸਥਾ, ਸਿਹਤ ਅਤੇ ਆਪਸੀ ਹਿੱਤ ਦੇ ਹੋਰ ਖੇਤਰਾਂ ਵਿੱਚ ਰਿਸਰਚ ਅਤੇ ਵਿਕਾਸ ਵਿੱਚ ਸਹਿਯੋਗ ਨੂੰ ਵਧਾਉਣ ਦੀ ਕੋਸ਼ਿਸ਼ ਕਰਨਾ।

ii. ਦੋਵਾਂ ਦੇਸ਼ਾਂ ਦੀਆਂ ਵਿਦਿਅਕ ਸੰਸਥਾਵਾਂ ਵਿਚਕਾਰ ਸਹਿਯੋਗ ਦੀ ਪੜਚੋਲ ਕਰਨਾ।

iii. ਸ਼੍ਰੀਲੰਕਾ ਦੇ ਸਟਾਰਟ-ਅੱਪਸ ਲਈ ਮੈਂਟਰਸ਼ਿਪ ਸਮੇਤ, ਸਟਾਰਟ-ਅੱਪ ਇੰਡੀਆ ਅਤੇ ਸ਼੍ਰੀਲੰਕਾ ਦੀ ਸੂਚਨਾ ਸੰਚਾਰ ਤਕਨਾਲੋਜੀ ਏਜੰਸੀ (ICTA) ਵਿਚਕਾਰ ਸਹਿਯੋਗ ਨੂੰ ਉਤਸ਼ਾਹਿਤ ਕਰਨਾ।

**ਵਪਾਰ ਅਤੇ ਨਿਵੇਸ਼ ਸਹਿਯੋਗ**

17. ਦੋਵੇਂ ਲੀਡਰਾਂ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਭਾਰਤ-ਸ਼੍ਰੀਲੰਕਾ ਮੁਕਤ ਵਪਾਰ ਸਮਝੌਤੇ (ISFTA) ਨੇ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਸਾਂਝੇਦਾਰੀ ਨੂੰ ਵਧਾਇਆ ਹੈ, ਜਦਕਿ ਇਸ ਗੱਲ ਨੂੰ ਸਵੀਕਾਰ ਕਰਦੇ ਹੋਏ ਕਿ ਵਪਾਰਕ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਦੀਆਂ ਅਪਾਰ ਸੰਭਾਵਨਾਵਾਂ ਹਨ, ਭਾਰਤ ਵਿੱਚ ਆਰਥਿਕ ਵਿਕਾਸ ਦੀ ਗਤੀ ਅਤੇ ਮੌਕਿਆਂ ਦੇ ਨਾਲ-ਨਾਲ ਬਾਜ਼ਾਰ ਦੇ ਵੱਧਦੇ ਆਕਾਰ ਅਤੇ ਸ਼੍ਰੀਲੰਕਾ ਲਈ ਵਪਾਰ ਅਤੇ ਨਿਵੇਸ਼ ਨੂੰ ਵਧਾਉਣ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖਦੇ ਹੋਏ, ਦੋਵੇਂ ਲੀਡਰ ਇਸ ਗੱਲ 'ਤੇ ਸਹਿਮਤ ਹੋਏ ਕਿ ਹੁਣ ਹੇਠਲੀਆਂ ਗੱਲਾਂ ਲਈ ਵਚਨਬੱਧ ਹੋ ਕੇ ਵਪਾਰਕ ਸਾਂਝੇਦਾਰੀ ਨੂੰ ਹੋਰ ਅੱਗੇ ਵਧਾਉਣ ਦਾ ਮੌਕਾ ਹੈ:

i. ਆਰਥਿਕ ਅਤੇ ਤਕਨੀਕੀ ਸਹਿਯੋਗ ਸਮਝੌਤੇ 'ਤੇ ਚਰਚਾਵਾ ਨੂੰ ਜਾਰੀ ਰੱਖਣਾ।

ii. ਦੋਵਾਂ ਦੇਸ਼ਾਂ ਵਿਚਕਾਰ INR-LKR ਵਪਾਰਕ ਸਮਝੌਤਿਆਂ ਨੂੰ ਵਧਾਉਣਾ।

iii. ਇਸ ਦੀ ਨਿਰਯਾਤ ਸਮਰੱਥਾ ਨੂੰ ਵਧਾਉਣ ਲਈ ਸ਼੍ਰੀਲੰਕਾ ਵਿੱਚ ਪ੍ਰਮੁੱਖ ਖੇਤਰਾਂ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨਾ।

18. ਦੋਵੇਂ ਲੀਡਰ ਪ੍ਰਸਤਾਵਿਤ ਦੁਵੱਲੇ ਸਮਾਜਿਕ ਸੁਰੱਖਿਆ ਸਮਝੌਤੇ ਨੂੰ ਛੇਤੀ ਅੰਤਿਮ ਰੂਪ ਦੇਣ ਲਈ ਚਰਚਾ ਜਾਰੀ ਰੱਖਣ ਦੀ ਜ਼ਰੂਰਤ 'ਤੇ ਸਹਿਮਤ ਹੋਏ।

**ਖੇਤੀਬਾੜੀ ਅਤੇ ਪਸ਼ੂ ਪਾਲਣ**

19. ਦੋਵਾਂ ਲੀਡਰਾਂ ਨੇ ਸਵੈ-ਨਿਰਭਰਤਾ ਅਤੇ ਪੋਸ਼ਣ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸ਼੍ਰੀਲੰਕਾ ਵਿੱਚ ਡੇਅਰੀ ਸੈਕਟਰ ਦੇ ਵਿਕਾਸ ਲਈ ਚੱਲ ਰਹੇ ਸਹਿਯੋਗ ਦੀ ਸ਼ਲਾਘਾ ਕੀਤੀ।

20. ਰਾਸ਼ਟਰਪਤੀ ਦਿਸਾਨਾਇਕੇ ਵਲੋਂ ਖੇਤੀਬਾੜੀ ਦੇ ਆਧੁਨਿਕੀਕਰਨ 'ਤੇ ਦਿੱਤੇ ਗਏ ਜ਼ੋਰ ਨੂੰ ਧਿਆਨ ਵਿੱਚ ਰੱਖਦੇ ਹੋਏ, ਦੋਵੇਂ ਲੀਡਰ ਸ਼੍ਰੀਲੰਕਾ ਵਿੱਚ ਖੇਤੀਬਾੜੀ ਸੈਕਟਰ ਦੇ ਵਿਆਪਕ ਵਿਕਾਸ ਲਈ ਸੰਭਾਵਨਾਵਾਂ ਦੀ ਜਾਂਚ ਕਰਨ ਲਈ ਇੱਕ ਸੰਯੁਕਤ ਕਾਰਜ ਸਮੂਹ ਦੀ ਸਥਾਪਨਾ ਕਰਨ ਲਈ ਸਹਿਮਤ ਹੋਏ।

**ਰਣਨੀਤਕ ਅਤੇ ਰੱਖਿਆ ਸਹਿਯੋਗ**

21. ਭਾਰਤ ਅਤੇ ਸ਼੍ਰੀਲੰਕਾ ਦੇ ਸਾਂਝੇ ਸੁਰੱਖਿਆ ਹਿੱਤਾਂ ਨੂੰ ਪਛਾਣਦੇ ਹੋਏ, ਦੋਵੇਂ ਲੀਡਰਾਂ ਨੇ ਆਪਸੀ ਵਿਸ਼ਵਾਸ ਅਤੇ ਪਾਰਦਰਸ਼ਤਾ 'ਤੇ ਆਧਾਰਿਤ ਨਿਯਮਿਤ ਵਾਰਤਾ ਅਤੇ ਇੱਕ ਦੂਜੇ ਦੀਆਂ ਸੁਰੱਖਿਆ ਚਿੰਤਾਵਾਂ ਨੂੰ ਪ੍ਰਮੁੱਖਤਾ ਦੇਣ ਦੀ ਮਹੱਤਤਾ ਨੂੰ ਸਵੀਕਾਰ ਕੀਤਾ। ਸੁਭਾਵਿਕ ਭਾਗੀਦਾਰਾਂ ਦੇ ਤੌਰ 'ਤੇ, ਦੋਵੇਂ ਲੀਡਰਾਂ ਨੇ ਹਿੰਦ ਮਹਾਸਾਗਰ ਖੇਤਰ ਵਿੱਚ ਦੋਵਾਂ ਦੇਸ਼ਾਂ ਦੇ ਸਾਹਮਣੇ ਆਉਣ ਵਾਲੀ ਸਾਂਝੀਆਂ ਚੁਣੌਤੀਆਂ ਨੂੰ ਰੇਖਾਂਕਿਤ ਕੀਤਾ ਅਤੇ ਰਵਾਇਤੀ ਅਤੇ ਗੈਰ-ਰਵਾਇਤੀ ਖਤਰਿਆਂ ਦਾ ਮੁਕਾਬਲਾ ਕਰਨ ਦੇ ਨਾਲ-ਨਾਲ ਇੱਕ ਆਜ਼ਾਦ, ਖੁੱਲ੍ਹੇ, ਸੁਰੱਖਿਅਤ ਅਤੇ ਸੁਰੱਖਿਅਤ ਹਿੰਦ ਮਹਾਸਾਗਰ ਖੇਤਰ ਨੂੰ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਨ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਭਾਰਤ ਸ੍ਰੀਲੰਕਾ ਦਾ ਸਭ ਤੋਂ ਨੇੜਲਾ ਸਮੁੰਦਰੀ ਗੁਆਂਢੀ ਹੈ, ਇਸ ਲਈ ਰਾਸ਼ਟਰਪਤੀ ਦਿਸਾਨਾਇਕੇ ਨੇ ਸ੍ਰੀਲੰਕਾ ਦੀ ਵਚਨਬੱਧਤਾ ਨੂੰ ਦੁਹਰਾਇਆ ਕਿ ਉਹ ਆਪਣੇ ਖੇਤਰ ਨੂੰ ਭਾਰਤ ਦੀ ਸੁਰੱਖਿਆ ਅਤੇ ਖੇਤਰੀ ਸਥਿਰਤਾ ਦੇ ਪ੍ਰਤਿਕੂਲ ਕਿਸੇ ਵੀ ਤਰੀਕੇ ਨਾਲ ਵਰਤਣ ਦੀ ਇਜਾਜ਼ਤ ਨਹੀਂ ਦੇਵੇਗਾ।

22. ਸਿਖਲਾਈ, ਆਦਾਨ-ਪ੍ਰਦਾਨ ਦੇ ਪ੍ਰੋਗਰਾਮਾਂ, ਜਹਾਜ਼ਾਂ ਦੇ ਦੌਰੇ, ਦੁਵੱਲੇ ਅਭਿਆਸਾਂ ਅਤੇ ਰੱਖਿਆ ਸਮਰੱਥਾਵਾਂ ਨੂੰ ਵਧਾਉਣ ਵਿੱਚ ਸਹਾਇਤਾ ਦੇ ਖੇਤਰ ਵਿੱਚ ਚੱਲ ਰਹੇ ਰੱਖਿਆ ਸਹਿਯੋਗ 'ਤੇ ਤਸੱਲੀ ਜਤਾਉਂਦੇ ਹੋਏ, ਦੋਵੇਂ ਲੀਡਰਾਂ ਨੇ ਸਮੁੰਦਰੀ ਅਤੇ ਸੁਰੱਖਿਆ ਸਹਿਯੋਗ ਨੂੰ ਹੋਰ ਵਧਾਉਣ ਲਈ ਸਹਿਮਤ ਹੋਏ।

23. ਰਾਸ਼ਟਰਪਤੀ ਦਿਸਾਨਾਇਕੇ ਨੇ ਸਮੁੰਦਰੀ ਨਿਗਰਾਨੀ ਲਈ ਡੋਰਨੀਅਰ ਏਅਰਕ੍ਰਾਫਟ ਦੀ ਵਿਵਸਥਾ ਅਤੇ ਸ੍ਰੀਲੰਕਾ ਵਿੱਚ ਸਮੁੰਦਰੀ ਬਚਾਅ ਅਤੇ ਤਾਲਮੇਲ ਕੇਂਦਰ ਦੀ ਸਥਾਪਨਾ ਤੋਂ ਇਲਾਵਾ ਸ੍ਰੀਲੰਕਾ ਵਿੱਚ ਸਮੁੰਦਰੀ ਖੇਤਰ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਹੱਤਵਪੂਰਨ ਹੋਰ ਬਾਕੀ ਸਹਾਇਤਾ ਦੁਆਰਾ ਭਾਰਤ ਦੇ ਸਮਰਥਨ ਲਈ ਧੰਨਵਾਦ ਕੀਤਾ; ਉਹਨਾਂ ਨੇ ਮਾਨਵਤਾਵਾਦੀ ਸਹਾਇਤਾ ਅਤੇ ਤਬਾਹੀ ਵਿੱਚ ਰਾਹਤ ਦੇ ਖੇਤਰ ਵਿੱਚ ਸ੍ਰੀਲੰਕਾ ਨੂੰ 'ਪਹਿਲੇ ਪ੍ਰਤੀਕਿਰਿਆਦਾਤਾ' ਵਜੋਂ ਭਾਰਤ ਦੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਖਾਸ ਕਰਕੇ, ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਸ਼ੱਕੀ ਜਹਾਜ਼ਾਂ ਨੂੰ ਜ਼ਬਤ ਕਰਨ ਵਿੱਚ ਭਾਰਤੀ ਅਤੇ ਸ੍ਰੀਲੰਕਾਈ ਜਲ ਸੈਨਾ ਦੇ ਸਹਿਯੋਗੀ ਯਤਨਾਂ ਵਿੱਚ ਹਾਲ ਹੀ ਵਿੱਚ ਮਿਲੀ ਸਫਲਤਾ ਦਾ ਵੀ ਜ਼ਿਕਰ ਕੀਤਾ ਗਿਆ ਅਤੇ ਰਾਸ਼ਟਰਪਤੀ ਦਿਸਾਨਾਇਕੇ ਨੇ ਭਾਰਤੀ ਜਲ ਸੈਨਾ ਦਾ ਧੰਨਵਾਦ ਕੀਤਾ।

24. ਇੱਕ ਭਰੋਸੇਮੰਦ ਅਤੇ ਵਿਸ਼ਵਾਸਯੋਗ ਭਾਈਵਾਲ ਵਜੋਂ, ਭਾਰਤ ਨੇ ਸ੍ਰੀ ਲੰਕਾ ਦੀ ਰੱਖਿਆ ਅਤੇ ਸਮੁੰਦਰੀ ਸੁਰੱਖਿਆ ਲੋੜਾਂ ਨੂੰ ਅੱਗੇ ਵਧਾਉਣ ਅਤੇ ਸਮੁੰਦਰੀ ਚੁਣੌਤੀਆਂ ਨਾਲ ਨਜਿੱਠਣ ਲਈ ਉਸਦੀ ਸਮਰੱਥਾ ਨੂੰ ਵਧਾਉਣ ਲਈ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਉਸ ਨਾਲ ਮਿਲ ਕੇ ਕੰਮ ਕਰਨ ਦੀ ਆਪਣੀ ਨਿਰੰਤਰ ਵਚਨਬੱਧਤਾ ਨੂੰ ਦੁਹਰਾਇਆ।

25. ਅੱਤਵਾਦ, ਨਸ਼ਾ/ਨਸ਼ੀਲੇ ਪਦਾਰਥਾਂ ਦੀ ਤਸਕਰੀ, ਮਨੀ ਲਾਂਡਰਿੰਗ ਵਰਗੇ ਵੱਖੋ-ਵੱਖਰੇ ਸੁਰੱਖਿਆ ਖਤਰਿਆਂ ਨੂੰ ਧਿਆਨ ਵਿੱਚ ਲੈਂਦੇ ਹੋਏ, ਦੋਵੇਂ ਲੀਡਰ ਸਿਖਲਾਈ, ਸਮਰੱਥਾ ਨਿਰਮਾਣ, ਅਤੇ ਖੁਫੀਆ ਅਤੇ ਜਾਣਕਾਰੀ ਸਾਂਝੀ ਕਰਨ ਦੇ ਜਾਰੀ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਲਈ ਸਹਿਮਤ ਹੋਏ। ਇਸ ਸੰਦਰਭ ਵਿੱਚ, ਉਹ ਹੇਠਲੀ ਗੱਲਾਂ ਲਈ ਸਹਿਮਤ ਹੋਏ:

i. ਰੱਖਿਆ ਸਹਿਯੋਗ 'ਤੇ ਇੱਕ ਫਰੇਮਵਰਕ ਸਮਝੌਤੇ ਨੂੰ ਪੂਰਾ ਕਰਨ ਦੀ ਸੰਭਾਵਨਾ ਦੀ ਪੜਚੋਲ ਕਰਨਾ;

ii. ਹਾਈਡ੍ਰੋਗ੍ਰਾਫੀ ਵਿੱਚ ਸਹਿਯੋਗ ਨੂੰ ਵਧਾਉਣਾ;

iii. ਸ੍ਰੀਲੰਕਾ ਦੀ ਰੱਖਿਆ ਸਮਰੱਥਾਵਾਂ ਨੂੰ ਵਧਾਉਣ ਲਈ ਰੱਖਿਆ ਮੰਚਾਂ ਅਤੇ ਸੰਪਤੀਆਂ ਦੀ ਵਿਵਸਥਾ ਕਰਨਾ;

iv. ਸਾਂਝੇ ਅਭਿਆਸਾਂ, ਸਮੁੰਦਰੀ ਨਿਗਰਾਨੀ, ਅਤੇ ਰੱਖਿਆ ਵਾਰਤਾ ਅਤੇ ਵਿਚਾਰ-ਵਟਾਂਦਰੇ ਦੁਆਰਾ ਸਹਿਯੋਗ ਨੂੰ ਗਹਿਰਾ ਕਰਨਾ;

v. ਸਿਖਲਾਈ, ਸਾਂਝੇ ਅਭਿਆਸਾਂ ਅਤੇ ਸਰਵੋਤਮ ਅਭਿਆਸਾਂ ਨੂੰ ਸਾਂਝਾ ਕਰਨ ਸਮੇਤ ਤਬਾਹੀ ਨੂੰ ਘਟਾਉਣ, ਰਾਹਤ ਅਤੇ ਪੁਨਰਵਾਸ 'ਤੇ ਸ੍ਰੀਲੰਕਾ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਸਹਾਇਤਾ ਪ੍ਰਦਾਨ ਕਰਨਾ; ਅਤੇ

vi. ਸ੍ਰੀਲੰਕਾਈ ਰੱਖਿਆ ਬਲਾਂ ਲਈ ਸਮਰੱਥਾ ਨਿਰਮਾਣ ਅਤੇ ਸਿਖਲਾਈ ਨੂੰ ਵਧਾਉਣਾ ਅਤੇ ਜਿੱਥੇ ਵੀ ਲੋੜ ਹੋਵੇ, ਅਨੁਰੂਪ ਬਣਾਏ ਗਏ ਸਿਖਲਾਈ ਪ੍ਰੋਗਰਾਮਾਂ ਨੂੰ ਆਯੋਜਿਤ ਕਰਨਾ।

## ਸੱਭਿਆਚਾਰਕ ਅਤੇ ਸੈਰ ਸਪਾਟਾ ਵਿਕਾਸ

26. ਆਪਣੀ ਸੱਭਿਆਚਾਰਕ ਸਾਂਝ, ਭੂਗੋਲਿਕ ਨੇੜਤਾ ਅਤੇ ਸਭਿਅਤਾ ਦੇ ਸਬੰਧਾਂ ‘ਤੇ ਜ਼ੋਰ ਦਿੰਦੇ ਹੋਏ, ਦੋਵੇਂ ਲੀਡਰਾਂ ਨੇ ਦੋਹਾਂ ਦੇਸ਼ਾਂ ਵਿਚਕਾਰ ਸੱਭਿਆਚਾਰਕ ਅਤੇ ਸੈਰ-ਸਪਾਟਾ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਦੀ ਜ਼ਰੂਰਤ ਨੂੰ ਮੰਨਿਆ। ਇਹ ਦੇਖਦੇ ਹੋਏ ਕਿ ਭਾਰਤ ਸ੍ਰੀਲੰਕਾ ਲਈ ਸੈਰ-ਸਪਾਟੇ ਦਾ ਸਭ ਤੋਂ ਵੱਡਾ ਸਰੋਤ ਰਿਹਾ ਹੈ, ਦੋਵੇਂ ਇਹਨਾਂ ਗੱਲਾਂ ਲਈ ਵਚਨਬੱਧ ਹੋਏ ਕਿ:

i. ਚੇਨਈ ਅਤੇ ਜਾਫਨਾ ਵਿਚਕਾਰ ਹਵਾਈ ਉਡਾਣਾਂ ਨੂੰ ਸਫਲਤਾਪੂਰਵਕ ਦੁਬਾਰਾ ਸ਼ੁਰੂ ਕਰਨ 'ਤੇ ਧਿਆਨ ਦਿੰਦੇ ਹੋਏ, ਭਾਰਤ ਅਤੇ ਸ੍ਰੀਲੰਕਾ ਦੇ ਵਿਭਿੰਨ ਸਥਾਨਾਂ ਲਈ ਹਵਾਈ ਕਨੈਕਟੀਵਿਟੀ ਨੂੰ ਵਧਾਇਆ ਜਾਵੇ।

ii. ਸ੍ਰੀਲੰਕਾ ਵਿੱਚ ਹਵਾਈ ਅੱਡਿਆਂ ਦੇ ਵਿਕਾਸ 'ਤੇ ਲਗਾਤਾਰ ਚਰਚਾਵਾਂ ਨੂੰ ਜਾਰੀ ਰੱਖਿਆ ਜਾਵੇ ।

iii. ਸ੍ਰੀਲੰਕਾ ਵਿੱਚ ਸੈਰ-ਸਪਾਟਾ ਲਈ ਲੋੜੀਂਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਭਾਰਤੀ ਨਿਵੇਸ਼ਾਂ ਨੂੰ ਉਤਸ਼ਾਹਿਤ ਕੀਤਾ ਜਾਵੇ।

iv. ਧਾਰਮਿਕ ਅਤੇ ਸੱਭਿਆਚਾਰਕ ਸੈਰ-ਸਪਾਟੇ ਦੇ ਵਿਕਾਸ ਲਈ ਇੱਕ ਸਹੂਲਤਾਂ ਦੇਣ ਵਾਲੇ ਫਰੇਮਵਰਕ ਦੀ ਸਥਾਪਨਾ ਕੀਤੀ ਜਾਵੇ।

v. ਦੋਵਾਂ ਦੇਸ਼ਾਂ ਵਿਚਕਾਰ ਸੱਭਿਆਚਾਰਕ ਅਤੇ ਭਾਸ਼ਾਈ ਸਬੰਧਾਂ ਨੂੰ ਉਤਸ਼ਾਹਿਤ ਕਰਨ ਅਤੇ ਅੱਗੇ ਵਧਾਉਣ ਲਈ ਵਿਦਿਅਕ ਸੰਸਥਾਵਾਂ ਵਿਚਕਾਰ ਅਕਾਦਮਿਕ ਸਬੰਧਾਂ ਨੂੰ ਉਤਸ਼ਾਹਿਤ ਕੀਤਾ ਜਾਵੇ।

## ਮੱਛੀ ਪਾਲਣ ਦੇ ਮੁੱਦੇ

27. ਦੋਵਾਂ ਪਾਸਿਆਂ ਦੇ ਮਛੇਰਿਆਂ ਸਾਹਮਣੇ ਆਉਣ ਵਾਲੇ ਮੁੱਦਿਆਂ ਨੂੰ ਸਵੀਕਾਰ ਕਰਦੇ ਹੋਏ ਅਤੇ ਰੋਜ਼ੀ-ਰੋਜ਼ਗਾਰ ਦੀਆਂ ਚਿੰਤਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ, ਲੀਡਰ ਮਾਨਵਤਾਵਾਦੀ ਢੰਗ ਨਾਲ ਇਹਨਾਂ ਨੂੰ ਹੱਲ ਕਰਨ ਦੀ ਜ਼ਰੂਰਤ 'ਤੇ ਸਹਿਮਤ ਹੋਏ। ਇਸ ਸਬੰਧ ਵਿੱਚ, ਉਹਨਾਂ ਨੇ ਕਿਸੇ ਵੀ ਧੱਕੜਸ਼ਾਹੀ ਜਾਂ ਹਿੰਸਾ ਤੋਂ ਬਚਣ ਲਈ ਕਦਮ ਚੁੱਕਣ ਦੀ ਲੋੜ 'ਤੇ ਜ਼ੋਰ ਦਿੱਤਾ। ਉਹਨਾਂ ਨੇ ਕੋਲੰਬੋ ਵਿੱਚ ਮੱਛੀ ਪਾਲਣ 'ਤੇ ਸੰਯੁਕਤ ਕਾਰਜ ਸਮੂਹ ਦੀ 6ਵੀਂ ਮੀਟਿੰਗ ਵਿੱਚ ਹਾਲੀਆ ਲਏ ਗਏ ਫੈਸਲਿਆਂ ਦਾ ਸਵਾਗਤ ਕੀਤਾ। ਲੀਡਰਾਂ ਨੇ ਇਸ ਗੱਲ ‘ਤੇ ਵਿਸ਼ਵਾਸ ਜਤਾਇਆ ਕਿ ਵਾਰਤਾ ਅਤੇ ਉਸਾਰੂ ਸ਼ਮੂਲੀਅਤ ਰਾਹੀਂ ਇੱਕ ਲੰਮੇ ਸਮੇਂ ਦਾ ਅਤੇ ਆਪਸੀ ਸਵੀਕਾਰਯੋਗ ਹੱਲ ਕੱਢਿਆ ਜਾ ਸਕਦਾ ਹੈ। ਭਾਰਤ

ਅਤੇ ਸ੍ਰੀਲੰਕਾ ਵਿਚਕਾਰ ਦੇ ਖਾਸ ਰਿਸ਼ਤੇ ਨੂੰ ਦੇਖਦੇ ਹੋਏ, ਉਹਨਾਂ ਨੇ ਅਧਿਕਾਰੀਆਂ ਨੂੰ ਇਹਨਾਂ ਮੁੱਦਿਆਂ ਨੂੰ ਹੱਲ ਕਰਨ ਲਈ ਆਪਣੀ ਗੱਲਬਾਤ ਨੂੰ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ।

28. ਰਾਸ਼ਟਰਪਤੀ ਦਿਸਾਨਾਇਕੇ ਨੇ ਸ੍ਰੀਲੰਕਾ ਵਿੱਚ ਮੱਛੀ ਪਾਲਣ ਦੇ ਟਿਕਾਊ ਅਤੇ ਵਪਾਰਕ ਵਿਕਾਸ ਲਈ ਭਾਰਤ ਦੀਆਂ ਪਹਿਲਕਦਮੀਆਂ ਦਾ ਧੰਨਵਾਦ ਕੀਤਾ, ਜਿਸ ਵਿੱਚ ਭਾਰਤੀ ਸਹਾਇਤਾ ਦੁਆਰਾ ਪੋਇੰਟ ਪੇਡਰੋ ਫਿਸ਼ਿੰਗ ਹਾਰਬਰ ਦਾ ਵਿਕਾਸ, ਕਰਾਈਨਗਰ ਬੋਟਯਾਰਡ ਦਾ ਪੁਨਰਵਾਸ ਅਤੇ ਜਲ-ਖੇਤੀ ਵਿੱਚ ਸਹਿਯੋਗ ਸ਼ਾਮਲ ਹਨ।

**ਖੇਤਰੀ ਅਤੇ ਬਹੁਪੱਖੀ ਸਹਿਯੋਗ**

29. ਹਿੰਦ ਮਹਾਸਾਗਰ ਖੇਤਰ ਵਿੱਚ ਸਾਂਝੇ ਸਮੁੰਦਰੀ ਸੁਰੱਖਿਆ ਹਿੱਤਾਂ ਨੂੰ ਸਵੀਕਾਰਦੇ ਹੋਏ, ਦੋਵੇਂ ਲੀਡਰ ਦੁਵੱਲੇ ਅਤੇ ਮੌਜੂਦਾ ਖੇਤਰੀ ਫਰੇਮਵਰਕ ਰਾਹੀਂ ਖੇਤਰ ਦੀ ਸਮੁੰਦਰੀ ਸੁਰੱਖਿਆ ਨੂੰ ਹੋਰ ਵੀ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕਰਨ ਲਈ ਸਹਿਮਤ ਹੋਏ। ਇਸ ਸਬੰਧ ਵਿੱਚ, ਲੀਡਰਾਂ ਨੇ ਮੁੱਖ ਦਫ਼ਤਰ ਕੋਲੰਬੋ ਵਿੱਚ ਹੋਏ ਕੋਲੰਬੋ ਸੁਰੱਖਿਆ ਸੰਮੇਲਨ, ਦੀ ਸਥਾਪਨਾ ਦੇ ਦਸਤਾਵੇਜ਼ਾਂ 'ਤੇ ਹਸਤਾਖਰ ਕੀਤੇ ਜਾਣ ਦਾ ਸਵਾਗਤ ਕੀਤਾ। ਭਾਰਤ ਨੇ ਸੰਮੇਲਨ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਵਿੱਚ ਸ੍ਰੀਲੰਕਾ ਨੂੰ ਆਪਣਾ ਸਮਰਥਨ ਦੁਹਰਾਇਆ।

30. ਭਾਰਤ ਨੇ IORA ਦੀ ਪ੍ਰਧਾਨਗੀ ਵਾਸਤੇ ਸ੍ਰੀਲੰਕਾ ਲਈ ਆਪਣਾ ਪੂਰਾ ਸਮਰਥਨ ਦਿਖਾਇਆ। ਦੋਵੇਂ ਲੀਡਰਾਂ ਨੇ ਖੇਤਰ ਵਿੱਚ ਸਾਰਿਆਂ ਦੀ ਸੁਰੱਖਿਆ ਅਤੇ ਵਿਕਾਸ ਲਈ IORA ਸਦੱਸ ਦੇਸ਼ਾਂ ਦੁਆਰਾ ਇੱਕ ਠੋਸ ਕਾਰਵਾਈ ਦੀ ਯੋਜਨਾ ਦੀ ਲੋੜ 'ਤੇ ਜ਼ੋਰ ਦਿੱਤਾ।

31. ਦੋਵੇਂ ਲੀਡਰਾਂ ਨੇ ਬਿਮਸਟੇਕ (BIMSTEC) ਦੇ ਤਹਿਤ ਖੇਤਰੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਅਤੇ ਵਧਾਉਣ ਲਈ ਆਪਣੀ ਵਚਨਬੱਧਤਾ ਨੂੰ ਵੀ ਸਪਸ਼ਟ ਤੌਰ 'ਤੇ ਜਤਾਇਆ ਕੀਤਾ।

32. ਰਾਸ਼ਟਰਪਤੀ ਦਿਸਾਨਾਇਕੇ ਨੇ ਬ੍ਰਿਕਸ (BRICS) ਦਾ ਸਦੱਸ ਬਣਨ ਦੀ ਸ੍ਰੀਲੰਕਾ ਦੀ ਅਰਜ਼ੀ ਲਈ ਪ੍ਰਧਾਨ ਮੰਤਰੀ ਮੋਦੀ ਦੇ ਸਮਰਥਨ ਦੀ ਬੇਨਤੀ ਕੀਤੀ।

33. ਪ੍ਰਧਾਨ ਮੰਤਰੀ ਮੋਦੀ ਨੇ 2028-2029 ਲਈ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਗੈਰ-ਸਥਾਈ ਸੀਟ ਲਈ ਭਾਰਤ ਦੀ ਉਮੀਦਵਾਰੀ ਵਾਸਤੇ ਸ੍ਰੀਲੰਕਾ ਵਲੋਂ ਕੀਤੇ ਗਏ ਸਮਰਥਨ ਦਾ ਸਵਾਗਤ ਕੀਤਾ।

**ਸਿੱਟਾ**

34. ਦੋਵੇਂ ਲੀਡਰਾਂ ਨੇ ਧਿਆਨ ਦਵਾਇਆ ਕਿ ਉਲੇਖ ਕੀਤੇ ਅਨੁਸਾਰ, ਸਹਿਮਤੀ ਦੇ ਉਪਾਵਾਂ ਦੇ ਪ੍ਰਭਾਵੀ ਅਤੇ ਸਮੇਂ ਸਿਰ ਅਮਲੀਕਰਨ ਨਾਲ, ਦੋਵੇਂ ਦੇਸ਼ਾਂ ਦੇ ਦੁਵੱਲੇ ਸਬੰਧ ਹੋਰ ਹੀ ਗਹਿਰੇ ਹੋਣਗੇ ਅਤੇ ਇਹ ਇਸ ਰਿਸ਼ਤੇ ਨੂੰ ਮਿੱਤਰਤਾ ਅਤੇ ਗੁਆਂਢੀਆਂ ਨਾਲ ਰਿਸ਼ਤਿਆਂ ਦੇ ਨਵੇਂ ਮਾਨਕ ਦੇ ਰੂਪ ਵਿੱਚ ਬਦਲ ਦੇਵੇਗਾ। ਇਸ ਅਨੁਸਾਰ, ਲੀਡਰਾਂ ਨੇ ਆਪਣੇ ਅਧਿਕਾਰੀਆਂ ਨੂੰ ਸਹਿਮਤੀਆਂ ਦੇ ਅਮਲੀਕਰਨ ਲਈ ਲੋੜੀਂਦੇ ਕਦਮ ਚੁੱਕਣ ਦੀ ਸ਼ੁਰੂਆਤ ਕਰਨ ਦੇ ਨਿਰਦੇਸ਼ ਦਿੱਤੇ

ਅਤੇ ਲੋੜ ਪੈਣ 'ਤੇ ਮਾਰਗਦਰਸ਼ਨ ਦੇਣ ਦੀ ਸਹਿਮਤੀ ਦਿੱਤੀ। ਰਾਸ਼ਟਰਪਤੀ ਦਿਸਾਨਾਇਕੇ ਨੇ ਪ੍ਰਧਾਨਮੰਤਰੀ ਮੋਦੀ ਨੂੰ ਉਹਨਾਂ ਦੀ ਸੁਵਿਧਾਅਨੁਸਾਰ ਛੇਤੀ ਤੋਂ ਛੇਤੀ ਸ਼੍ਰੀ ਲੰਕਾ ਦਾ ਦੌਰਾ ਕਰਨ ਦਾ ਸੱਦਾ ਦਿੱਤਾ। ਉਹਨਾਂ ਨੇ ਅੱਗੇ ਦੁਵੱਲੇ ਸਬੰਧ, ਜੋ ਕਿ ਆਪਸੀ ਤੌਰ ‘ਤੇ ਲਾਭਕਾਰੀ ਹੋਣ, ਸ਼੍ਰੀਲੰਕਾ ਦੀਆਂ ਟਿਕਾਊ ਵਿਕਾਸ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋਣ ਅਤੇ ਹਿੰਦ ਮਹਾਸਾਗਰ ਖੇਤਰ ਦੀ ਸਥਿਰਤਾ ਵਿੱਚ ਯੋਗਦਾਨ ਪਾਉਂਦੇ ਹੋਣ, ਉਹਨਾਂ ਨੂੰ ਸਨਮਾਨਯੋਗ ਤੌਰ 'ਤੇ ਵਧਾਉਣ ਵਾਸਤੇ ਲੀਡਰਸ਼ਿਪ ਪੱਧਰ 'ਤੇ ਸ਼ਮੂਲੀਅਤ ਨੂੰ ਜਾਰੀ ਰੱਖਣ ਦਾ ਵਾਅਦਾ ਕੀਤਾ।